# ਕੁੱਤਿਆਂ ਦੇ ਆਲੇ ਦੁਆਲੇ ਸੁਰੱਖਿਆ

**ਤੁਹਾਡੇ ਬੱਚੇ ਅਤੇ ਕੁੱਤੇ ਦੇ ਵਿਚਕਾਰ ਰਿਸ਼ਤਾ ਪਰਿਵਾਰਕ ਜ਼ਿੰਦਗੀ ਵਿੱਚ ਮਜ਼ਾ ਅਤੇ ਖੁਸ਼ੀ ਲਿਆ ਸਕਦਾ ਹੈ। ਅਸੀਂ ਆਪਣੇ ਕੁੱਤੇ ਤੋਂ ਵੱਢਣ ਦੀ ਉਮੀਦ ਨਹੀਂ ਕਰਦੇ, ਪਰ ਜੇਕਰ ਕਿਸੇ ਵੀ ਕੁੱਤੇ ਨੂੰ ਲੱਗਦਾ ਹੈ ਕਿ ਉਸ ਕੋਲ ਕੋਈ ਹੋਰ ਵਿਕਲਪ ਨਹੀਂ ਹੈ ਤਾਂ ਉਹ ਵੱਢ ਸਕਦਾ ਹੈ।**

**ਬੱਚਿਆਂ ਨੂੰ ਘਰ ਵਿੱਚ, ਜਾਣੇ-ਪਛਾਣੇ ਕੁੱਤੇ ਦੁਆਰਾ ਵੱਢੇ ਜਾਣ ਦੀ ਬਹੁਤ ਸੰਭਾਵਨਾ ਹੁੰਦੀ ਹੈ। ਖੁਸ਼ਕਿਸਮਤੀ ਨਾਲ ਜ਼ਿਆਦਾਤਰ ਚੱਕ ਰੋਕੇ ਜਾ ਸਕਦੇ ਹਨ ਅਤੇ ਕਰੀਬੀ ਨਿਗਰਾਨੀ ਮਹੱਤਵਪੂਰਨ ਹੈ।**

**ਇੱਕ ਸ਼ਾਂਤ, ਖੁਸ਼ਹਾਲ ਕੁੱਤੇ** ਵੱਲੋਂ ਬੱਚਿਆਂ ਦੇ ਕੁਦਰਤੀ ਉਤਸ਼ਾਹ ਪ੍ਰਤੀ ਅਸੁਰੱਖਿਅਤ ਢੰਗ ਨਾਲ ਪ੍ਰਤੀਕਿਰਿਆ ਕਰਨ ਦੀ ਘੱਟ ਸੰਭਾਵਨਾ ਹੁੰਦੀ ਹੈ।

- ਆਪਣੇ ਕੁੱਤੇ ਨੂੰ ਉਸਦੀ ਇੱਕ ਸੁਰੱਖਿਅਤ ਥਾਂ ਦਿਓ, ਅਰਾਮ ਕਰਨ ਦੀ ਲੋੜ ਹੋਣ 'ਤੇ ਜਿੱਥੇ ਉਹ ਜਾ ਸਕਦਾ ਹੈ। ਜਦੋਂ ਉਹ ਉੱਥੇ ਹੋਵੇ ਤਾਂ ਉਸਨੂੰ ਇਕੱਲੇ ਛੱਡਣ ਦਾ ਨਿਯਮ ਬਣਾਓ।
- ਉਸਨੂੰ ਵਿਅਸਤ ਰੱਖੋ - ਸਰੀਰਕ ਕਸਰਤ ਅਤੇ ਮਾਨਸਿਕ ਗਤੀਵਿਧੀ ਤੁਹਾਡੇ ਕੁੱਤੇ ਨੂੰ ਖੁਸ਼ ਰੱਖਣ ਵਿੱਚ ਮਦਦ ਕਰਦੇ ਹਨ।
- ਆਪਣੇ ਬੱਚੇ ਨੂੰ ਆਪਣੇ ਕੁੱਤੇ ਨਾਲ ਸ਼ਾਂਤ ਰਹਿਣਾ ਅਤੇ ਦਿਆਲੂ ਹੋਣਾ ਸਿਖਾਓ। ਚੀਕਣ, ਛੇੜਣ ਜਾਂ ਕੱਸਣ ਵਾਲੀਆਂ ਗਲਵੱਕੜੀਆਂ ਪਾਉਣ ਤੋਂ ਬਚੋ।

**ਕਰੀਬੀ ਨਿਗਰਾਨੀ** ਬੱਚਿਆਂ ਨੂੰ ਸੁਰੱਖਿਅਤ ਰੱਖਣ ਲਈ ਸਭ ਤੋਂ ਮਹੱਤਵਪੂਰਨ ਕੰਮ ਹੈ।

- ਜਦੋਂ ਤੁਹਾਡਾ ਬੱਚਾ ਅਤੇ ਕੁੱਤਾ ਇਕੱਠੇ ਹੁੰਦੇ ਹਨ ਓਦੋਂ ਦੇਖੋ, ਸੁਣੋ ਅਤੇ ਨੇੜੇ ਰਹੋ।
- ਜੇਕਰ ਤੁਹਾਡਾ ਕੁੱਤਾ ਜਾਂ ਬੱਚਾ ਨਾਖੁਸ਼ ਲੱਗਦਾ ਹੈ, ਤਾਂ ਸਕਾਰਾਤਮਕ ਤਰੀਕੇ ਅਤੇ ਸ਼ਾਂਤੀ ਨਾਲ ਉਨ੍ਹਾਂਨੂੰ ਵੱਖ ਕਰੋ। ਤੁਸੀਂ ਆਪਣੇ ਕੁੱਤੇ ਵੱਲ ਕੋਈ ਖਿਡੌਣਾ ਜਾਂ ਟ੍ਰੀਟ (ਖਾਣ ਦੀ ਚੀਜ਼) ਸੁੱਟ ਸਕਦੇ ਹੋ, ਜਾਂ ਆਪਣੇ ਬੱਚੇ ਨੂੰ ਦੂਰ ਲੈ ਜਾ ਸਕਦੇ ਹੋ।
- **ਆਪਣੇ ਕੁੱਤੇ ਦੇ ਸਰੀਰਕ ਸੰਕੇਤਾਂ ਨੂੰ ਸਮਝੋ** ਤਾਂ ਜੋ ਤੁਸੀਂ ਉਨ੍ਹਾਂ ਸੰਕੇਤਾਂ ਨੂੰ ਲੱਭ ਸਕੋ ਕਿ ਉਹ ਅਸਹਿਜ ਜਾਂ ਤਣਾਅ ਮਹਿਸੂਸ ਕਰਦੇ ਹਨ।
- ਜਦੋਂ ਤੁਸੀਂ ਜਾਣਦੇ ਹੋ ਕਿ ਵਿਅਸਤ ਸਮੇਂ ਦੇ ਦੌਰਾਨ ਤੁਹਾਡਾ ਧਿਆਨ ਭਟਕ ਜਾਵੇਗਾ, ਤਾਂ ਬੱਚਿਆਂ ਅਤੇ ਕੁੱਤਿਆਂ ਨੂੰ ਵੱਖਰਾ ਰੱਖਣ ਲਈ ਸੁਰੱਖਿਆ ਗੇਟਸ ਦੀ ਵਰਤੋਂ ਕਰੋ। ਜਾਂ, ਆਪਣੇ ਬੱਚੇ ਜਾਂ ਕੁੱਤੇ ਨੂੰ ਆਪਣੇ ਨਾਲ ਲੈ ਜਾਓ।

**ਟਰਿੱਗਰ ਟਾਈਮਸ** – ਆਪਣੇ ਬੱਚੇ ਨੂੰ ਆਪਣੇ ਕੁੱਤੇ ਨੂੰ ਇਕੱਲੇ ਛੱਡਣਾ ਸਿਖਾਓ ਜਦੋਂ ਉਹ:

- ਸੌਂ ਰਿਹਾ ਹੋਵੇ – ਕੋਈ ਵੀ ਅਚਾਨਕ ਜਾਗਣਾ ਪਸੰਦ ਨਹੀਂ ਕਰਦਾ।
- ਜਦੋਂ ਉਹ ਖਾ ਜਾਂ ਟ੍ਰੀਟ ਕਰ ਰਿਹਾ ਹੋਵੇ – ਉਸਨੂੰ ਲੱਗ ਸਕਦਾ ਹੈ ਕਿ ਤੁਸੀਂ ਉਸਦਾ ਭੋਜਨ ਲੈ ਲਵੋਗੇ।
- ਉਸ ਕੋਲ ਕੋਈ ਖਿਡੌਣਾ ਜਾਂ ਅਜਿਹੀ ਕੋਈ ਹੋਰ ਚੀਜ਼ ਹੋਵੇ ਜੋ ਉਸਨੂੰ ਸੱਚਮੁੱਚ ਪਸੰਦ ਹੈ – ਉਹ ਸ਼ਾਇਦ ਸਾਂਝੀ ਨਾ ਕਰਨਾ ਚਾਹੇ!



**ਤੁਹਾਡਾ ਵੱਧਦਾ ਹੋਇਆ ਬੱਚਾ** – ਜਿਵੇਂ ਤੁਹਾਡੇ ਬੱਚੇ ਵਿੱਚ ਬਦਲਾਅ ਆਉਂਦੇ ਹਨ, ਜੋਖਮ ਵੀ ਬਦਲ ਸਕਦੇ ਹਨ।

- ਆਪਣੇ ਬੱਚੇ ਨੂੰ ਛੋਟੀ ਉਮਰ ਤੋਂ ਹੀ ਨਿਯਮ ਸਿਖਾਓ ਅਤੇ ਜਿਵੇਂ-ਜਿਵੇਂ ਤੁਹਾਡਾ ਬੱਚਾ ਜ਼ਿਆਦਾ ਸਮਝਦਾ ਹੈ ਉਸਨੂੰ ਸਮਝਾਉਂਦੇ ਰਹੋ।
- ਜਿਵੇਂ-ਜਿਵੇਂ ਤੁਹਾਡਾ ਬੱਚਾ ਜ਼ਿਆਦਾ ਗਤੀਸ਼ੀਲ ਹੁੰਦਾ ਹੈ, ਲੋੜੀਂਦੇ ਬਦਲਾਵਾਂ ਦੀ ਸਮੀਖਿਆ ਕਰੋ, ਜਿਵੇਂ ਸੁਰੱਖਿਆ ਗੇਟਸ ਨੂੰ ਸ਼ਾਮਲ ਕਰਨਾ।
- ਆਪਣੇ ਬਦਲਦੇ ਪਰਿਵਾਰਕ ਜੀਵਨ ਅਤੇ ਪੇਸ਼ ਆਉਣ ਵਾਲੇ ਨਵੇਂ ਜੋਖਮਾਂ ਬਾਰੇ ਅੱਗੇ ਸੋਚੋ। ਬੱਚੇ ਨੂੰ ਘਰ ਲਿਆਉਣ ਬਾਰੇ ਸਾਡੀ ਤੱਥ ਸ਼ੀਟ ਪੜ੍ਹੋ।

**ਅਜੇ ਵੀ ਫ਼ਿਕਰਮੰਦ ਹੋ?**

- ਜੇਕਰ ਤੁਸੀਂ ਆਪਣੇ ਬੱਚੇ ਨਾਲ ਆਪਣੇ ਕੁੱਤੇ ਦੇ ਵਿਹਾਰ ਬਾਰੇ ਫ਼ਿਕਰਮੰਦ ਹੋ ਤਾਂ ਆਪਣੇ ਪਸ਼ੂਆਂ ਦੇ ਡਾਕਟਰ ਨਾਲ ਗੱਲ ਕਰੋ। ਉਹ ਤੁਹਾਡੇ ਕੁੱਤੇ ਦੀ ਸਿਹਤ ਦੀ ਜਾਂਚ ਕਰੇਗਾ ਅਤੇ ਤੁਹਾਨੂੰ ਕਿਸੇ ਯੋਗ ਪਸ਼ੂ ਵਿਹਾਰਵਾਦੀ ਕੋਲ ਭੇਜੇਗਾ।
- ਆਪਣੇ ਨੇੜੇ ਕਿਸੇ ਯੋਗ ਪਸ਼ੂ ਵਿਹਾਰਵਾਦੀ ਨੂੰ ਲੱਭਣ ਲਈ **ਪਸ਼ੂ ਵਿਹਾਰ ਅਤੇ ਸਿਖਲਾਈ ਕੌਂਸਲ** ਦੀ ਵੈੱਬਸਾਈਟ 'ਤੇ ਜਾਓ।


child accident prevention trust

Department for Environment Food & Rural Affairs

DogsTrust

RSPCA

Office for Health Improvement and Disparities (OHID)